221

# ਸ਼ੀਰਾਜ਼ਾ



ਜੇ. ਐਂਡ ਕੇ. ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼, ਜੰਮੂ

**Sheeraza** R.N. No. 28873/76 July-August, 2020

(Punjabi)

ਸਾਲ : 51 ਅੰਕ : 5 ਕੁਲ ਅੰਕ : 221

*Editor-in-chief*

**Munir-ul-Islam**

*Editor*

**Popinder Singh Paras**

J&K ACADEMY OF ART CULTURE & LANGUAGES

ਸੰਪਾਦਕ ਜਾਂ ਪ੍ਰਕਾਸ਼ਕ ਦਾ ਰਚਨਾਵਾਂ ਵਿੱਚ ਵਿਅਕਤ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

ਮੋਬਾਇਲ : 9906977731

ਪ੍ਰਕਾਸ਼ਕ : ਸੈਕਰੇਟਰੀ, ਜੰਮੂ-ਕਸ਼ਮੀਰ ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼, ਜੰਮੂ– 180 001

***Publisher*** : **Secretary, J&K Academy of Art, Culture and Languages JAMMU- 180 001**

ਛਾਪਕ : ਕਲਾਸਿਕ ਪ੍ਰਿੰਟਰਜ਼, ਨੈਸ਼ਨਲ ਹਾਈਵੇ, ਬੜੀ ਬ੍ਰਾਹਮਣਾ, ਜੰਮੂ
ਦੂਰਭਾਸ਼ – (01923)-220243, 94191-49293

ਮੁੱਲ : ਦਸ ਰੁਪਏ

ਵਾਰਸ਼ਕ : 50 ਰੁਪਏ

# ਤਤਕਰਾ


- ਆਲੇਖ
  - ਅਜੋਕੀ ਪੰਜਾਬੀ ਵਾਰਤਕ : ਮਹੱਤਵ ਅਤੇ ਸੰਭਾਵਨਾਵਾਂ/ਬਲਜੀਤ ਸਿੰਘ ਰੈਨਾ/1
  - ਸੰਤੋਖ ਸਿੰਘ ਧੀਰ ਦੀ ਕਾਵਿ-ਦ੍ਰਿਸ਼ਟੀ/ਡਾ. ਗੁਰਮੀਤ ਸਿੰਘ, ਡਾ. ਹਰਜਿੰਦਰ ਸਿੰਘ/8
  - ਦਸਮ ਗ੍ਰੰਥ ਦਾ ਕਰਤਾ ਅਤੇ ਸਰੂਪ : ਪੁਨਰ ਸੰਵਾਦ/ਡਾ. ਸਤਵੰਤ ਸਿੰਘ/19
  - ਲਹਿੰਦਾ ਪੰਜਾਬ ਤੇ ਪੰਜਾਬੀ ਰੰਗਮੰਚ/ਵੀਨਾ ਅਰੋੜਾ/26
  - ਸ਼ਿਵ ਕਾਵਿ : ਬਿੰਬ ਵਿਧਾਨ (ਇਤਿਹਾਸ, ਮਿਥਿਹਾਸ ਅਤੇ ਪ੍ਰੀਤ ਕਥਾਵਾਂ ਦੇ ਅਧਾਰ ਉੱਤੇ)/ਪ੍ਰੋ. ਰਮਨਦੀਪ ਕੌਰ/40
  - ਸੋਹਣ ਸਿੰਘ ਸੀਤਲ 'ਦੀਵੇ ਦੀ ਲੋਅ' : ਔਰਤ ਦੀ ਤ੍ਰਾਸਦੀ/ਡਾ. ਕੰਵਲਜੀਤ ਕੌਰ/48
  - ਡਾ. ਜਗਤਾਰ ਦੀ ਕਾਵਿ ਭਾਸ਼ਾ ਦਾ ਵਿਸ਼ਲੇਸ਼ਣਾਤਮਕ ਅਧਿਅਨ/ਡਾ. ਹਰਪ੍ਰੀਤ ਸਿੰਘ/61
  - ਗੁਰਬਾਣੀ ਕੋਸ਼ਾਂ ਦੇ ਅੰਦਰਾਜਾਂ ਵਿਚ ਉਚਾਰਨ ਦੀ ਸਥਿਤੀ : ਪ੍ਰਮੁਖ ਕੋਸ਼ਾਂ ਦੇ ਸੰਦਰਭ ਵਿਚ/ਜਸਵਿੰਦਰ ਕੌਰ/70
- ਕਹਾਣੀਆਂ
  - ਸੁਨਹਿਰੇ ਸੁਪਨੇ/ਮੁਖ਼ਤਾਰ ਗਿੱਲ/78
  - ਝੱਖੜ/ਰਤਨ ਸਿੰਘ ਕੰਵਲ/85
  - ਪ੍ਰੇਮ ਪਹਿਲਾਂ ਬਾਕੀ ਪਿੱਛੋਂ/ਭੁਪਿੰਦਰ ਉਸਤਾਦ/95
  - ਦੁਖਾਂ ਦੇ ਪਾਰ/ਸਿਮਰਨਜੀਤ ਸਿੰਘ/97
- ਕਾਵਿ ਰੂਪ
  - ਤੂੰ ਨਹੀਂ ਆਇਆ/ਜਿਤੇਂਦਰ ਊਧਮਪੁਰੀ/104
  - ਸ਼ਹੀਦ/ਹਰਭਜਨ ਸਿੰਘ ਉਪਾਸ਼ਕ/105
  - ਕੋਈ ਗੱਲ ਨਹੀਂ/ਰਾਜ਼ ਗੁਰਦਾਸਪੁਰੀ/106
  - ਅਣਖੀ ਸਿੰਘ/ਸੂਰਜ ਸਿੰਘ ਸੂਰਜ/107
  - ਮੰਗਦੀ ਹਾਂ/ਹਰਦੀਪ ਕੌਰ 'ਦੀਪਕ'/108
  - ਗ਼ਜ਼ਲ/ਮਿੱਤਵਾ/109
- ਨਵੀਂ ਕਲਮ
  - ਅਮਰ ਜਿਊਤੀ ਕਾਵਿ : ਪਰਵਾਸ ਤੋਂ ਬਹੁ-ਸਭਿਆਚਾਰਵਾਦ ਵੱਲ/ਗਗਨਦੀਪ ਸਿੰਘ/110
  - ਖ਼ਾਲਿਦ ਹੁਸੈਨ ਦੀਆਂ ਕਹਾਣੀਆਂ ਦੇ ਪ੍ਰਸੰਗ ਸਰੋਕਾਰ (ਸੂਲਾਂ ਦਾ ਸਾਲਣੂ ਦੇ ਵਿਸ਼ੇਸ਼ ਪ੍ਰਸੰਗ ਵਿਚ)/ਅਮਨਪ੍ਰੀਤ ਕੌਰ/121
  - ਪੰਜਾਬੀ ਨਾਰੀ ਕਵਿਤਾ : ਦਸ਼ਾ-ਦਿਸ਼ਾ/ਡਾ. ਹਰਪ੍ਰੀਤ ਸਿੰਘ/131
- ਪੁਸਤਕ ਰਿਵਿਊ
  - 'ਨਾਵਲ' ਅੱਧੇ ਅਧੂਰੇ : ਲੇਖਕ ਭੁਪਿੰਦਰ ਸਿੰਘ ਰੈਨਾ/ਡਾ. ਰੁਪਿੰਦਰਜੀਤ ਕੌਰ/136

# ਸੰਤੋਖ ਸਿੰਘ ਧੀਰ ਦੀ ਕਾਵਿ-ਦ੍ਰਿਸ਼ਟੀ

❑ ਡਾ. ਗੁਰਮੀਤ ਸਿੰਘ
ਡਾ. ਹਰਜਿੰਦਰ ਸਿੰਘ

ਪੰਜਾਬੀ ਸਾਹਿਤ ਦੇ ਬਹੁਆਂਗੀ ਲੇਖਕ ਸੰਤੋਖ ਸਿੰਘ ਧੀਰ ਦਾ ਜਨਮ 2 ਦਸੰਬਰ 1920 ਨੂੰ ਮਾਤਾ ਜਮਨਾ ਦੇਵੀ ਪਿਤਾ ਈਸਰ ਸਿੰਘ ਦੇ ਘਰ ਹੋਇਆ। ਕੁਲਵਕਤੀ ਲੇਖਕ ਸੰਤੋਖ ਸਿੰਘ ਧੀਰ ਨੇ ਪੰਜਾਬੀ ਕਵਿਤਾ, ਕਹਾਣੀ, ਨਾਵਲ, ਸਫ਼ਰਨਾਮਾ, ਸਵੈ ਜੀਵਨੀ, ਡਾਇਰੀ, ਚਿੱਠੀਆਂ, ਲੇਖ ਆਦਿ ਵਿਧਾਵਾਂ ਨੂੰ ਆਪਣੇ ਲਿਖਣ ਕਾਰਜ ਦਾ ਹਿੱਸਾ ਬਣਾਇਆ। ਸਾਹਿਤਕ ਹਲਕਿਆਂ ਵਿਚ ਸੰਤੋਖ ਸਿੰਘ ਧੀਰ ਦੀ ਵਧੇਰੇ ਪਛਾਣ ਉਨ੍ਹਾਂ ਦੀਆਂ ਕਹਾਣੀਆਂ ਕਰਕੇ ਬਣੀ। ਉਨ੍ਹਾਂ ਦੀ ਸਾਹਿਤਕ ਸਾਧਨਾ ਦਾ ਵਡੇਰਾ ਕੈਨਵਸ ਉਨ੍ਹਾਂ ਦੀ ਕਾਵਿ ਰਚਨਾ ਨੇ ਮੱਲਿਆ ਹੋਇਆ ਹੈ। 'ਗੁੱਡੀਆਂ ਪਟੋਲੇ' (1944) ਤੋਂ ਲੈ ਕੇ ਕਾਵਿ ਪੁਸਤਕ 'ਕੋਧਰੇ ਦਾ ਮਹਾਂਗੀਤ' (2010) ਤੱਕ ਉਹਨਾਂ ਦੀਆਂ ਲਗਭਗ 13 ਕਾਵਿ-ਪੁਸਤਕਾਂ ਮਿਲਦੀਆਂ ਹਨ ਜੋ ਬਾਕੀ ਵਿਧਾਵਾਂ ਵਿਚ ਧੀਰ ਦੁਆਰਾ ਕੀਤੀ ਰਚਨਾ ਦੇ ਮੁਕਾਬਲਤਨ ਵਧੇਰੇ ਹਨ। ਉਹਨਾਂ ਦੀਆਂ ਮੌਲਿਕ ਕਾਵਿ ਪੁਸਤਕਾਂ ਵਿਚ ਗੁੱਡੀਆਂ ਪਟੋਲੇ (1944), ਪਹੁ ਫੁਟਾਲਾ (1948), ਧਰਤੀ ਮੰਗਦੀ ਮੀਂਹ ਵੇ (1952), ਪੱਤ ਝੜੇ ਪੁਰਾਣੇ (1955), ਬਿਰਹੜੇ (1960), ਅੱਗ ਦੇ ਪੱਤੇ (1976), ਕਾਲੀ ਬਰਛੀ (1980), ਸੰਜੀਵਨੀ (1983), ਸਿੰਘਾਵਲੀ (1983), ਆਉਣ ਵਾਲਾ ਸੂਰਜ (1985), ਜਦੋਂ ਅਸੀਂ ਆਵਾਂਗੇ (1988), ਪੈਰ (2000) ਅਤੇ ਕੋਧਰੇ ਦਾ ਮਹਾਂਗੀਤ (2010) ਪੁਸਤਕਾਂ ਸ਼ਾਮਲ ਹਨ।

ਸੰਤੋਖ ਸਿੰਘ ਧੀਰ ਪ੍ਰਤਿਬਧ, ਪ੍ਰਬੁੱਧ ਪੰਜਾਬੀ ਸਾਹਿਤ ਸਿਰਜਕ ਸੀ। ਜਾਤੀ, ਜਮਾਤੀ ਚੇਤਨਾ ਉਸਦੀਆਂ ਲਿਖਤਾਂ ਵਿਚ ਕੇਂਦਰੀ ਕੜੀ ਵਜੋਂ ਹਾਜ਼ਰ ਰਹਿੰਦੀ ਹੈ। ਦ੍ਰਿਸ਼ਟੀ ਦਾ ਸੰਬੰਧ ਵਿਚਾਰਧਾਰਕ ਪਹੁੰਚ ਨਾਲ ਹੁੰਦਾ ਹੈ। ਸੰਤੋਖ ਸਿੰਘ ਧੀਰ ਦੀ ਵਿਚਾਰਧਾਰਕ ਪਹੁੰਚ ਮਾਰਕਸਵਾਦੀ ਅੰਤਰਦ੍ਰਿਸ਼ਟੀ ਤੋਂ ਪ੍ਰਭਾਵ ਹੀ ਗ੍ਰਹਿਣ ਨਹੀਂ ਕਰਦੀ ਸਗੋਂ ਇਸ ਅੰਤਰ-ਦ੍ਰਿਸ਼ਟੀ ਨੂੰ ਆਤਮਸਾਤ ਵੀ ਕਰਦੀ ਹੈ। ਇਸ ਅੰਤਰ-ਦ੍ਰਿਸ਼ਟੀ ਨਾਲ ਸ਼ੈਆਂ ਨੂੰ ਵੇਖਣਾ, ਸਿਰਫ਼ ਵੇਖਣਾ ਹੀ ਨਹੀਂ ਸ਼ੈਆਂ ਵਿਚਲੇ ਅਸਾਵੇਂਪਣ ਨੂੰ ਸਾਵਿਆਂ ਕਰਨ ਹਿਤ ਵਿਹਾਰਕ ਪੱਧਰ 'ਤੇ ਚਿਤਵਣਾ, ਲਾਗੂ ਕਰਨਾ ਸੰਤੋਖ ਸਿੰਘ ਧੀਰ ਦਾ ਮਨੋਰਥ ਬਣਦਾ ਹੈ। ਇਸ ਵਿਗਿਆਨਕ ਵਿਚਾਰਧਾਰਕ ਅੰਤਰਦ੍ਰਿਸ਼ਟੀ ਨਾਲ ਵੇਖਣਾ ਅਤੇ ਤਬਦੀਲੀ ਨੂੰ ਚਿਤਵਣਾ ਇਕ ਗੱਲ ਹੈ; ਇਸ ਦੇ ਅਮਲ ਨੂੰ ਵਿਹਾਰਕ ਰੂਪ 'ਚ ਖੁਦ ਅਪਨਾਉਣਾ ਤੇ ਆਪਣੇ ਨਾਲ ਸੰਬੰਧਤ ਕੰਮ-ਕਾਜਾਂ 'ਤੇ ਲਾਗੂ ਕਰਨਾ ਜਾਂ ਕਰ ਸਕਣ ਦਾ ਹੌਂਸਲਾ ਰੱਖਣਾ ਪਹਿਲੀ ਗੱਲ ਨੂੰ ਸੰਪੂਰਣ ਕਰਨ ਵਾਲੀ ਦੂਜੀ ਅਹਿਮ ਗੱਲ ਹੈ। ਇਸ ਵਿਚ ਰਤਾ ਵੀ ਸੰਦੇਹ ਨਹੀਂ ਕਿ ਮਾਨਵਤਾ ਨੂੰ ਵਿਕਾਸ ਵੱਲ ਲੈ ਕੇ ਜਾਣ ਵਾਲਾ, ਮਾਨਵੀ

*ਪੰਜਾਬੀ ਯੂਨੀਵਰਸਿਟੀ, ਪਟਿਆਲਾ।, ਡਾ. ਹਰਜਿੰਦਰ ਸਿੰਘ, ਜੰਮੂ ਯੂਨੀਵਰਸਿਟੀ, ਜੰਮੂ।*

Regd. No. 28873/76
ISSN 2319-5053
UGC Approved

July - August 2020

Published by the Secretary on behalf of
**J&K Academy of Art, Culture and Languages, Jammu**
and Printed at Classic Printers, Bari Brahamana, Jammu